# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

**ਐਸ.ਸੀ ੳ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**

**ਫੈਕਸ:0172-2624687 ਈ-ਮੇਲssapunjab@yahoo.com**


ਵੱਲ

ਸਮੂਹ ਸੈਂਟਰ ਹੈੱਡ ਟੀਚਰ (ਵੈੱਬਸਾਈਟ ਰਾਹੀਂ)
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਵੈੱਬਸਾਈਟ ਰਾਹੀਂ)
ਪੰਜਾਬ।

ਮੀਮੋ ਨੰ. ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2010/56304
ਮਿਤੀ ਚੰਡੀਗੜ੍ਹ 03.09.2010

**ਵਿਸ਼ਾ:** **ਬਲਾਕ/ਕਲੱਸਟਰ ਪੱਧਰ ਤੇ ਗੁਣਾਤਮਕ ਮੁਕਾਬਲਿਆਂ ਵਿੱਚ ਇਨਾਮੀ ਰਾਸ਼ੀ ਸਬੰਧੀ।**

**ਹਵਾਲਾ:** **ਇਸ ਦਫ਼ਤਰ ਦਾ ਪੱਤਰ ਨੰ. 4/27-SSA Plng/AWP&B 2010-11/ 55465-55504 ਮਿਤੀ 31.08.2010**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਇਮਰੀ ਸਿੱਖਿਆ ਅੰਦਰ ਗੁਣਵੱਤਾ ਲਿਆਉਣ ਪੱਖੋਂ ਪੜ੍ਹੋ ਪੰਜਾਬ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿੱਚ ਬੱਚਿਆਂ ਦੇ ਕਲੱਸਟਰ ਪੱਧਰ ਤੇ ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਇਹਨਾਂ ਕਲੱਸਟਰ ਪੱਧਰ ਦੇ ਮੁਕਾਬਲਿਆਂ ਨੂੰ ਕਰਵਾਉਣ ਸਬੰਧੀ ਅਧਿਆਪਕਾਂ ਅਤੇ ਸੀ.ਐਮ.ਟੀ/ਬੀ.ਐਮ.ਟੀ. ਰਾਹੀਂ ਦਫ਼ਤਰ ਨੂੰ ਇਹ ਸੁਝਾਅ ਪ੍ਰਾਪਤ ਹੋਏ ਹਨ ਕਿ ਇਹਨਾਂ ਮੁਕਾਬਲਿਆਂ ਵਿੱਚ ਬੱਚਿਆਂ ਵਿੱਚ ਹੋਰ ਉਤਸ਼ਾਹ ਪੈਦਾ ਕਰਨ ਪੱਖੋਂ ਉਹਨਾਂ ਨੂੰ ਕੋਈ ਇਨਾਮ ਵਗੈਰਾ ਵੀ ਦਿੱਤੇ ਜਾਣ। ਸੋ ਇਸ ਸਬੰਧ ਵਿਚ ਪੜ੍ਹੋ ਪੰਜਾਬ ਪ੍ਰੋਗਰਾਮ ਤਹਿਤ ਸਾਲ 2010-11 ਦੌਰਾਨ ਸਕੂਲੀ ਬੱਚਿਆਂ ਨੂੰ ਪੜ੍ਹਨ ਲਈ ਹੋਰ ਜਿਆਦਾ ਪ੍ਰੋਤਸਾਹਿਤ ਕਰਨ ਲਈ ਮਹੀਨੇ ਦੇ ਹਰ ਤੀਸਰੇ ਸ਼ਨੀਵਾਰ ਨੂੰ ਕਲੱਸਟਰ ਜਾਂ ਬਲਾਕ ਪੱਧਰ ਤੇ ਸਕੂਲਾਂ ਦੇ ਮੁਕਾਬਲੇ ਕਰਵਾਉਣ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇਣ ਦਾ ਫੈਸਲਾ ਕੀਤਾ ਹੈ। ਇਹਨਾਂ ਮੁਕਾਬਲਿਆਂ ਨੂੰ ਕਰਵਾਉਣ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ (ਜਮੈਟਰੀ ਬਾਕਸ, ਕਿਤਾਬਾਂ, ਪੈਨਸਲਾਂ, ਕਾਪੀਆਂ, ਆਦਿ) ਦੇਣ ਦਾ ਖਰਚਾ ਵੀ ਕਲੱਸਟਰ ਰਿਸੋਰਸ ਸੈਂਟਰ (CRC) ਦੀ ਮੀਟਿੰਗ ਅਤੇ ਟੀ.ਏ. ਗਰਾਂਟ ਵਿੱਚੋਂ ਹੀ ਕੀਤਾ ਜਾਣਾ ਹੈ।

3.0 ਬਲਾਕ/ਕਲੱਸਟਰ ਪੱਧਰ ਤੇ ਹੋਣ ਵਾਲੇ ਇਹਨਾਂ ਗੁਣਾਤਮਿਕ ਮੁਕਾਬਲਿਆਂ ਵਿੱਚ 800/- ਰੁਪਏ ਪ੍ਰਤੀ ਮਹੀਨੇ ਖਰਚ ਕੀਤਾ ਜਾ ਸਕਦਾ ਹੈ। ਇਸ ਦਾ ਪੂਰਾ ਰਿਕਾਰਡ ਸੀ.ਐਚ.ਟੀ. ਦੁਆਰਾ ਰੱਖਿਆ ਜਾਵੇਗਾ।

4.0 ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 56305 ਮਿਤੀ 03.09.2010

ਉਤਾਰਾ:(1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)।
(2) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**